STATE OF WASHINGTON

# DEPARTMENT OF SOCIAL AND HEALTH SERVICES

*CHILDREN’S ADMINISTRATION*

Specific Office

Name and Mailing Address

ਪਿਆਰੇ/ਪਿਆਰੀ Name,

ਆਪਣੇ ਫੈਮਿਲੀ ਅਸੈਸਮੈਂਟ ਰਿਸਪੌਂਸ (FAR) ਦੌਰਾਨ Children’s Administration ਨਾਲ ਕੰਮ ਕਰਨ ਲਈ ਤੁਹਾਡਾ ਧੰਨਵਾਦ। ਮੈਨੂੰ ਉਮੀਦ ਹੈ ਕਿ ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਮੱਦਦਗਾਰ ਸੀ। Children’s Administration ਨਾਲ ਤੁਹਾਡਾ ਕੇਸ ਬੰਦ ਕੀਤਾ ਜਾ ਰਿਹਾ ਹੈ।

ਜਿਵੇਂ ਤੁਸੀਂ ਜਾਣਦੇ ਹੋ, ਤੁਹਾਡੇ ਪਰਿਵਾਰ ਦੀ ਸਿਹਤ, ਸੁਰੱਖਿਆ ਤੇ ਤੰਦਰੁਸਤੀ ਬਹੁਤ ਅਹਿਮ ਹੈ। ਤੁਹਾਡੇ ਭਾਈਚਾਰੇ ਨਾਲ ਮਿਲ ਕੇ ਵਸੀਲਿਆਂ, ਸਹਾਇਤਾ ਅਤੇ ਸੰਪਰਕਾਂ ਦੀ ਤਲਾਸ਼ ਕਰਨੀ, ਤੁਹਾਡੇ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਵਿੱਚ ਵਾਧਾ ਕਰਨ ਦਾ ਇਕ ਤਰੀਕਾ ਹੈ। ਅਸੀਂ ਤੁਹਾਨੂੰ ਕੁਝ ਭਾਈਚਾਰਕ ਵਸੀਲੇ ਅਤੇ ਪ੍ਰੋਗਰਾਮ ਮੁਹੱਈਆ ਕਰਵਾ ਰਹੇ ਹਾਂ, ਜਿਹੜੇ ਭਵਿੱਖ ਵਿੱਚ ਤੁਹਾਡੇ ਲਈ ਮੱਦਦਗਾਰ ਹੋ ਸਕਦੇ ਹਨ:

Community Resource(s) List

ਅਸੀਂ ਤੁਹਾਡੇ ਤਜਰਬਿਆਂ ਬਾਰੇ ਜਾਨਣਾ ਚਾਹਾਂਗੇ, ਤਾਂ ਕਿ ਅਸੀਂ ਆਪਣੀਆਂ ਸੇਵਾਵਾਂ ਵਿੱਚ ਸੁਧਾਰ ਜਾਰੀ ਰੱਖ ਸਕੀਏ। ਇਕ ਖੋਜ ਕੰਪਨੀ ਜਿਸ ਦਾ ਨਾਂ TriWest ਹੈ, ਉਨ੍ਹਾਂ ਪਰਿਵਾਰਾਂ ਦਾ ਇਕ ਸੰਖੇਪ ਸਰਵੇ ਕਰ ਰਹੀ ਹੈ, ਜਿਨ੍ਹਾਂ ਨੇ FAR ਵਿੱਚ ਸ਼ਮੂਲੀਅਤ ਕੀਤੀ। TriWest ਵੱਲੋਂ ਜਵਾਬ ਦੇਣ ਵਾਲੇ ਪਰਿਵਾਰਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ। ਅਸੀਂ ਤੁਹਾਡੇ ਵੱਲੋਂ ਦਿੱਤੀ ਗਈ ਜਾਣਕਾਰੀ ਦੀ ਸ਼ਲਾਘਾ ਕਰਦੇ ਹਾਂ ਅਤੇ ਸਰਵੇ ਦੀ ਇਕ ਕਾਪੀ ਨਾਲ ਨੱਥੀ ਕੀਤੀ ਹੈ। ਕਿਰਪਾ ਕਰ ਕੇ ਇਸ ਨੂੰ ਭਰ ਕੇ ਨਾਲ ਨੱਥੀ ਟਿਕਟਾਂ ਲੱਗੇ ਲਿਫਾਫੇ ਵਿੱਚ ਸਾਨੂੰ ਭੇਜ ਦਿਉ।

ਜੇ ਤੁਹਾਡਾ ਕੋਈ ਸਵਾਲ, ਚਿੰਤਾ ਜਾਂ ਟਿੱਪਣੀ ਹੋਵੇ ਤਾਂ ਮੇਰੇ ਨਾਲ ਟੈਲੀਫੋਨ ਨੰਬਰ Telephone Number (include area code) ਉਤੇ ਜਾਂ ਈਮੇਲ Email Address ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸ਼ੁਭਚਿੰਤਕ,

CA Worker's Name

Washington State Department of Social & Health Services
Transforming lives

FAMILY ASSESSMENT RESPONSE (FAR)

# FAR ਫੈਮਿਲੀ ਸਰਵੇ

## FAR Family Survey

ਫੈਮਿਲੀ ਅਸੈਸਮੈਂਟ ਰਿਸਪੌਂਸ (FAR) ਸਬੰਧੀ ਆਪਣੇ ਤਜਰਬਿਆਂ ਬਾਰੇ ਇਸ ਸੰਖੇਪ ਸਰਵੇ ਵਿੱਚ ਹਿੱਸਾ ਲੈਣ ਲਈ ਤੁਹਾਡਾ ਧੰਨਵਾਦ। ਇਹ ਸਰਵੇ TriWest Group ਵੱਲੋਂ ਕੀਤਾ ਜਾ ਰਿਹਾ ਹੈ ਤਾਂ ਕਿ FAR ਪ੍ਰੋਗਰਾਮ ਦਾ ਮੁਲੰਕਣ ਕੀਤਾ ਜਾ ਸਕੇ ਅਤੇ ਇਹ ਪਤਾ ਲਾਇਆ ਜਾ ਸਕੇ ਕਿ ਕਿਹੜੇ ਖੇਤਰਾਂ ਵਿੱਚ ਵਧੀਆ ਕੰਮ ਹੋ ਰਿਹਾ ਹੈ ਅਤੇ ਕਿਨ੍ਹਾਂ ਖੇਤਰਾਂ ਵਿੱਚ ਸੁਧਾਰ ਦੀ ਗੁੰਜਾਇਸ਼ ਹੈ।

ਤੁਹਾਡੇ ਵੱਲੋਂ ਸਾਂਝੀ ਕੀਤੀ ਗਈ ਸਾਰੀ ਜਾਣਕਾਰੀ ਨੂੰ ਸਖਤੀ ਨਾਲ ਗੁਪਤ ਰੱਖਿਆ ਜਾਵੇਗਾ। ਕਿਰਪਾ ਕਰ ਕੇ ਇਸ ਨੂੰ ਨਾਲ ਨੱਥੀ ਆਪਣਾ ਪਤਾ ਲਿਖੇ ਤੇ ਟਿਕਟਾਂ ਲੱਗੇ ਲਿਫਾਫੇ ਵਿੱਚ ਵਾਪਸ ਭੇਜ ਦਿਉ।

1. ਕੀ **FAR** ਦੇ ਇਕ ਕੇਸਵਰਕਰ ਨੇ ਤੁਹਾਡੇ ਬੱਚਿਆਂ ਦੀ ਇੰਟਰਵਿਊ ਲੈਣ ਲਈ ਆਉਣ ਤੋਂ ਪਹਿਲਾਂ ਤੁਹਾਡੇ ਨਾਲ ਗੱਲ ਕਰ ਕੇ ਸਮਾਂ ਲਿਆ ਸੀ?
   - ☐ ਹਾਂ
   - ☐ ਨਹੀਂ
   - ☐ ਮੈਂ ਜਵਾਬ ਨਹੀਂ ਦੇਣਾ ਚਾਹੁੰਦਾ/ਚਾਹੁੰਦੀ

2. ਕੀ **FAR** ਕੇਸਵਰਕਰ ਨੇ ਤੁਹਾਨੂੰ ਆਪਣੇ ਪਰਿਵਾਰ ਦੀਆਂ ਸਮਰੱਥਾਵਾਂ, ਵਿਸ਼ਵਾਸ਼ਾਂ ਤੇ ਰਵਾਇਤਾਂ ਬਾਰੇ ਗੱਲ ਕਰਨ ਦਾ ਮੌਕਾ ਦਿੱਤਾ?

| ਹਮੇਸ਼ਾ | ਕਦੇ-ਕਦੇ | ਅਕਸਰ ਨਹੀਂ | ਕਦੇ ਨਹੀਂ | ਲਾਗੂ ਨਹੀਂ |
|---|---|---|---|---|
| ☐ | ☐ | ☐ | ☐ | ☐ |

3. ਮੇਰੇ ਕੇਸਵਰਕਰ ਨੇ ਇਸ ਬਾਰੇ ਮੇਰੇ ਵਿਕਲਪਾਂ ਨੂੰ ਸੁਣਿਆ ਕਿ ਕੀ ਮੇਰੇ ਪਰਿਵਾਰ ਨੂੰ ਸੇਵਾਵਾਂ ਦੀ ਲੋੜ ਸੀ ਜਾਂ ਨਹੀਂ।

| ਬਹੁਤ ਸਹਿਮਤ | ਸਹਿਮਤ | ਅਸਹਿਮਤ | ਬਹੁਤ ਅਸਹਿਮਤ | ਲਾਗੂ ਨਹੀਂ |
|---|---|---|---|---|
| ☐ | ☐ | ☐ | ☐ | ☐ |

4. ਮੇਰੇ ਪਰਿਵਾਰ ਬਾਰੇ ਅਹਿਮ ਫੈਸਲੇ ਮੇਰੀ ਗੱਲ ਸੁਣੇ ਬਗ਼ੈਰ ਲਏ ਗਏ।

| ਬਹੁਤ ਸਹਿਮਤ | ਸਹਿਮਤ | ਅਸਹਿਮਤ | ਬਹੁਤ ਅਸਹਿਮਤ | ਲਾਗੂ ਨਹੀਂ |
|---|---|---|---|---|
| ☐ | ☐ | ☐ | ☐ | ☐ |

5. ਕੁੱਲ ਮਿਲਾ ਕੇ, ਕੀ ਇਸ ਤਜਰਬੇ ਨਾਲ ਤੁਹਾਡੇ ਪਰਿਵਾਰ ਦੀ ਹਾਲਤ ਵਧੀਆ ਹੋਈ ਜਾਂ ਮਾੜੀ ਹੋਈ?

| ਕਾਫੀ ਵਧੀਆ | ਕੁਝ ਕੁ ਵਧੀਆ | ਕੁਝ ਕੁ ਮਾੜੀ | ਬਹੁਤ ਮਾੜੀ | ਕੋਈ ਤਬਦੀਲੀ ਨਹੀਂ | ਲਾਗੂ ਨਹੀਂ |
|---|---|---|---|---|---|
| ☐ | ☐ | ☐ | ☐ | ☐ | ☐ |

6. ਤੁਹਾਡੇ ਘਰ ਆਏ ਕੇਸਵਰਕਰ ਜਾਂ ਬਾਲ ਸੇਵਾਵਾਂ ਵਰਕਰਾਂ ਵੱਲੋਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਜਿਸ ਤਰ੍ਹਾਂ ਦਾ ਵਿਹਾਰ ਕੀਤਾ ਗਿਆ, ਉਸ ਬਾਰੇ ਤੁਹਾਡੀ ਕਿੰਨੀ ਕੁ ਸੰਤੁਸ਼ਟੀ ਹੈ?

| ਬਹੁਤ ਸੰਤੁਸ਼ਟ | ਕਾਫੀ ਸੰਤੁਸ਼ਟ | ਕਾਫੀ ਅਸੰਤੁਸ਼ਟ. | ਬਹੁਤ ਅਸੰਤੁਸ਼ਟ | ਲਾਗੂ ਨਹੀਂ |
|---|---|---|---|---|
| ☐ | ☐ | ☐ | ☐ | ☐ |

7. ਤੁਹਾਨੂੰ ਜਿਹੜੀ ਮੱਦਦ ਮਿਲੀ ਜਾਂ ਪੇਸ਼ ਕੀਤੀ ਗਈ, ਉਸ ਤੋਂ ਤੁਹਾਡੀ ਕਿੰਨੀ ਕੁ ਸੰਤੁਸ਼ਟੀ ਹੈ?

| ਬਹੁਤ ਸੰਤੁਸ਼ਟ | ਕਾਫੀ ਸੰਤੁਸ਼ਟ | ਕਾਫੀ ਅਸੰਤੁਸ਼ਟ. | ਬਹੁਤ ਅਸੰਤੁਸ਼ਟ | ਲਾਗੂ ਨਹੀਂ |
|---|---|---|---|---|
| ☐ | ☐ | ☐ | ☐ | ☐ |

8. ਜਿਸ ਦਫਤਰ ਤੋਂ ਤੁਹਾਨੂੰ ਸੇਵਾਵਾਂ ਹਾਸਲ ਹੋਈਆਂ, ਉਸ ਦਾ ਪਤਾ ਲਾਉਣ ਲਈ ਕਿਰਪਾ ਕਰ ਕੇ ਆਪਣਾ ਪੰਜ ਅੰਕਾਂ ਦਾ ਜ਼ਿਪ ਕੋਡ ਦਰਜ ਕਰੋ। ਜੇ ਤੁਸੀਂ ਇਹ ਜਾਣਕਾਰੀ ਮੁਹੱਈਆ ਨਹੀਂ ਕਰਾਉਣੀ ਚਾਹੁੰਦੇ ਤਾਂ ਕਿਰਪਾ ਕਰ ਕੇ ਇਸ ਨੂੰ ਖਾਲੀ ਛੱਡ ਦਿਉ।

   5-ਅੰਕਾਂ ਦਾ ਜ਼ਿਪ ਕੋਡ

9. ਤੁਹਾਡੇ ਵੱਲੋਂ ਦਿੱਤੇ ਗਏ ਵਕਤ ਅਤੇ ਕੀਮਤੀ ਜਾਣਕਾਰੀ ਲਈ ਤੁਹਾਡਾ ਧੰਨਵਾਦ। ਜੇ ਤੁਸੀਂ ਚਾਹੁੰਦੇ ਹੋ ਕਿ **TriWest** ਤੁਹਾਡੇ ਨਾਲ ਸੰਪਰਕ ਕਰੇ ਤਾਂ ਕਿ ਤੁਸੀਂ ਹੋਰ ਵਾਧੂ ਜਾਣਕਾਰੀ ਜਾਂ ਟਿੱਪਣੀਆਂ ਦੇ ਸਕੋ, ਜਾਂ ਤੁਸੀਂ ਸਾਨੂੰ ਕੋਈ ਸੁਨੇਹਾ ਦੇਣਾ ਚਾਹੁੰਦੇ ਹੋ ਤਾਂ ਕਿਰਪਾ ਕਰ ਕੇ ਹੇਠਾਂ ਦਿੱਤੇ ਟਿੱਪਣੀ ਵਾਲੇ ਖਾਨੇ ਵਿਚ ਸਾਡੇ ਲਈ ਸੁਨੇਹਾ ਲਿਖ ਦਿਉ ਅਤੇ/ਜਾਂ ਆਪਣਾ ਫੋਨ ਨੰਬਰ ਲਿਖ ਦਿਉ। ਨਹੀਂ ਤਾਂ ਤੁਸੀਂ ਇਸ ਹਿੱਸੇ ਨੂੰ ਖਾਲੀ ਛੱਡ ਸਕਦੇ ਹੋ। ਸਹਿਯੋਗ ਲਈ ਤੁਹਾਡਾ ਇਕ ਵਾਰੀ ਫੇਰ ਧੰਨਵਾਦ।